# COLLEGE MAGAZINE "THE LUMINARY" RELEASED

ਅਜੀਤ



ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਕਾਲਜ ਦਾ ਸਾਲਾਨਾ ਮੈਗਜ਼ੀਨ "ਦਿ ਲੂਮਿਨਰੀ" ਜਾਰੀ ਕੀਤੇ ਜਾਣ ਦਾ ਦ੍ਰਿਸ਼। ਅਜੀਤ ਤਸਵੀਰ

# ਸਾਹਿਤਕਾਰ ਦਲੀਪ ਕੌਰ ਟਿਵਾਣਾ ਵੱਲੋਂ ਮੋਦੀ ਕਾਲਜ ਦਾ ਮੈਗਜ਼ੀਨ ਜਾਰੀ

ਪਟਿਆਲਾ, 24 ਦਸੰਬਰ (ਗੁਰਪ੍ਰੀਤ ਸਿੰਘ ਚੱਠਾ)-ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵੱਲੋਂ ਕਾਲਜ ਦਾ ਸਾਲਾਨਾ ਮੈਗਜ਼ੀਨ "ਦਿ ਲੂਮਿਨਰੀ" ਜਾਰੀ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ ਨੇ ਕੀਤੀ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਹਿਤਕ ਸਫ਼ਰ ਦਾ ਵਰਨਣ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਸਫ਼ਰ ਜੋ ਆਪਣੇ ਵਿਦਿਆਰਥੀ ਜੀਵਨ ਸਮੇਂ ਤੋਂ, ਕਾਲਜ ਮੈਗਜ਼ੀਨ ਵਿਚ ਇੱਕ ਛੋਟੀ ਕਹਾਣੀ ਲਿਖ ਕੇ ਸ਼ੁਰੂ ਹੋਇਆ ਸੀ, ਕਿਵੇਂ "ਕਥਾ ਕਹੋ ਉਰਵਸ਼ੀ" ਤੱਕ ਪੁੱਜਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਲੋਕ ਕਥਾਵਾਂ ਵਿਚ ਲੁਕੀ ਹੋਈ ਸਿਆਣਪ ਨੂੰ ਲੱਭਣ ਦੀ ਕੋਸ਼ਿਸ਼ ਨੂੰ ਜਾਰੀ ਰੱਖਣ। ਉਨ੍ਹਾਂ ਨੇ ਕਾਲਜ ਮੈਗਜ਼ੀਨ ਦੀ ਭਰਪੂਰ ਸ਼ਲਾਘਾ ਕੀਤੀ

**ਵਿਦਿਆਰਥੀ ਲੋਕ ਕਥਾਵਾਂ ਵਿਚ ਲੁਕੀ ਸਿਆਣਪ ਨੂੰ ਲੱਭਣ-ਦਲੀਪ ਕੌਰ ਟਿਵਾਣਾ**

ਅਤੇ ਵਿਦਿਆਰਥੀਆਂ ਨੂੰ ਹੋਰ ਪੜ੍ਹਨ ਲਿਖਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਦਲੀਪ ਕੌਰ ਟਿਵਾਣਾ ਜੀ ਵਰਗੇ ਸਾਹਿਤਕਾਰ ਨੂੰ ਸਨਮਾਨਿਤ ਕਰਦਿਆਂ, ਖ਼ੁਦ ਸਨਮਾਨ ਵੀ ਸਨਮਾਨਿਤ ਮਹਿਸੂਸ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਕਾਲਜ ਮੈਗਜ਼ੀਨ ਵਿਦਿਆਰਥੀਆਂ ਦੀ ਸਿਰਜਣਾਤਮਿਕ ਪ੍ਰਤਿਭਾ ਦੇ ਪ੍ਰਗਟਾਵੇ ਲਈ ਯੋਗ ਮੰਚ ਹੈ। ਮੁੱਖ ਸੰਪਾਦਕ, ਪ੍ਰੋ. ਬਲਜਿੰਦਰ ਕੌਰ ਨੇ ਮੈਗਜ਼ੀਨ ਦੀ ਤਿਆਰੀ ਦੌਰਾਨ ਗ੍ਰਹਿਣ ਕੀਤੇ ਸੁਖਾਵੇਂ ਅਨੁਭਵਾਂ ਦਾ ਜ਼ਿਕਰ ਕੀਤਾ। ਡਾ. ਗੁਰਦੀਪ ਸਿੰਘ ਪ੍ਰੋ. ਨਿਰਮਲ ਸਿੰਘ ਨੇ ਮੁੱਖ ਮਹਿਮਾਨ, ਪ੍ਰੋ. ਸ਼ਲੈਦਰਾ ਸਿੱਧੂ ਸੰਚਾਲਨ ਦਾ ਕਾਰਜ ਬਾਖ਼ੂਬੀ ਨਿਭਾਇਆ।

## दैनिक भास्कर

### दलीप कौर टिवाणा ने की मोदी कॉलेज की मैगजीन रिलीज

पटियाला| साहित्यकार दलीप कौर टिवाणा ने शुक्रवार को मोदी कॉलेज में एक प्रोग्राम के दौरान कॉलेज का मैगजीन रिलीज किया। कॉलेज प्रिंसिपल डॉ. खुशविंदर कुमार ने प्रोग्राम में आने वाले मेहमानों का स्वागत किया। संपादक प्रो. बलजिंदर कौर ने मैगजिन के बारे में जानकारी दी। इस मौके पर फैशन डिजाइनिंग विभाग के स्टूडेंट्स की और से बेटी बचाओ, बेटी पढ़ाओ थीम पर आधारित प्रदर्शनी लगाई।

## ਪੰਜਾਬੀ ਜਾਗਰਣ

### ਮੁਲਤਾਨੀ ਮੱਲ ਮੋਦੀ ਕਾਲਜ ਦਾ ਸਾਲਾਨਾ ਮੈਗਜ਼ੀਨ 'ਦਿ ਲੂਮਿਨਰੀ' ਰਿਲੀਜ਼

# ਦਲੀਪ ਕੌਰ ਟਿਵਾਣਾ ਨੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਆ

**ਪੱਤਰ ਪ੍ਰੇਰਕ, ਪਟਿਆਲਾ** : ਅੱਜ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਕਾਲਜ ਦਾ ਸਾਲਾਨਾ ਮੈਗਜ਼ੀਨ 'ਦਿ ਲੂਮਿਨਰੀ' ਰਿਲੀਜ਼ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ ਨੇ ਕੀਤੀ। ਸਾਹਿਤਕਾਰ ਟਿਵਾਣਾ ਨੇ ਆਪਣੇ ਸਾਹਿਤਕ ਸਫ਼ਰ ਦਾ ਵਰਨਣ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਸਫ਼ਰ ਜੋ ਆਪਣੇ ਵਿਦਿਆਰਥੀ ਜੀਵਨ ਸਮੇਂ ਤੋਂ, ਕਾਲਜ ਮੈਗਜ਼ੀਨ ਵਿਚ ਇੱਕ ਛੋਟੀ ਕਹਾਣੀ ਲਿਖ ਕੇ ਸ਼ੁਰੂ ਹੋਇਆ ਸੀ, ਕਿਵੇਂ "ਕਥਾ ਕਹੋ ਉਰਵਸ਼ੀ" ਤੱਕ ਪੁੱਜਿਆ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਲੋਕ ਕਥਾਵਾਂ ਵਿਚ ਲੁਕੀ ਹੋਈ ਸਿਆਣਪ ਨੂੰ ਲੱਭਣ ਦੀ ਕੋਸ਼ਿਸ ਨੂੰ ਜਾਰੀ ਰੱਖਣ। ਉਨ੍ਹਾਂ ਨੇ ਕਾਲਜ ਮੈਗਜ਼ੀਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਹੋਰ ਪੜ੍ਹਨ ਲਿਖਣ ਲਈ ਪ੍ਰੇਰਿਤ ਕੀਤਾ।

ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਕਾਲਜ ਮੈਗਜ਼ੀਨ ਵਿਦਿਆਰਥੀਆਂ ਦੀ ਸਿਰਜਣਾਤਮਿਕ ਪ੍ਰਤਿਭਾ ਦੇ ਪ੍ਰਗਟਾਵੇ ਲਈ ਯੋਗ ਮੰਚ ਹੈ। ਮੁੱਖ ਸੰਪਾਦਕ ਪ੍ਰੋ. ਬਲਜਿੰਦਰ ਕੌਰ ਨੇ ਮੈਗਜ਼ੀਨ ਦੀ ਤਿਆਰੀ ਦੌਰਾਨ ਗ੍ਰਹਿਣ ਕੀਤੇ ਸੁਖਾਵੇਂ ਅਨੁਭਵਾਂ ਦਾ ਜ਼ਿਕਰ ਕੀਤਾ। ਡਾ. ਗੁਰਦੀਪ ਸਿੰਘ ਨੇ ਮੁੱਖ ਮਹਿਮਾਨ ਦੀ ਜਾਣ-ਪਹਿਚਾਣ ਕਰਵਾਈ ਅਤੇ ਦੱਸਿਆ ਕਿ ਆਉਣ ਵਾਲੀਆਂ ਪੀੜ੍ਹੀਆਂ ਇਹ ਫ਼ਖ਼ਰ ਨਾਲ ਯਾਦ ਕਰਨਗੀਆਂ ਕਿ ਮੈਡਮ ਟਿਵਾਣਾ ਵਰਗੇ ਪ੍ਰਸਿੱਧ ਸਾਹਿਤਕਾਰ ਵੀ ਕਦੇ ਇਸ ਕਾਲਜ ਵਿਚ ਆਏ ਸਨ। 'ਦਿ ਲੂਮਿਨਰੀ' ਨੂੰ ਰਿਲੀਜ਼ ਕਰਦਿਆਂ ਪੰਜਾਬੀ ਫ਼ਿਲਮਾਂ ਦੀ ਪ੍ਰਸਿੱਧ ਅਭਿਨੇਤਰੀ ਤੇ ਪੰਜਾਬੀ ਯੂਨੀਵਰਸਿਟੀ ਦੇ ਥੀਏਟਰ ਤੇ ਟੈਲੀਵੀਜ਼ਨ ਵਿਭਾਗ ਦੀ ਪ੍ਰੋਫੈਸਰ ਡਾ. ਸੁਨੀਤਾ ਧੀਰ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਦੇ ਮੈਗਜ਼ੀਨ ਨੌਜਵਾਨਾਂ ਅੰਦਰਲੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ 40 ਸਾਲ ਦੀ ਉਮਰ ਤੱਕ ਹਰ ਇਨਸਾਨ ਅੰਦਰ ਅਥਾਹ ਸਿਰਜਨਾਤਮਕ ਸੰਭਾਵਨਾਵਾਂ ਹੁੰਦੀਆਂ ਹਨ। ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਜਬਰਜੰਗ ਸਿੰਘ ਦੀ ਰਹਿਨੁਮਾਈ ਵਿਚ ਕੀਤੇ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਨਾਲ ਸਮਾਗਮ ਦਾ ਆਗ਼ਾਜ਼ ਹੋਇਆ। ਪ੍ਰੋ. ਸ਼ੈਲਿੰਦਰਾ ਕੌਰ ਤੇ ਡਾ. ਗੁਰਦੀਪ ਸਿੰਘ ਨੇ ਕਾਲਜ ਮੈਗ਼ਜ਼ੀਨ "ਦਿ ਲੂਮਿਨਰੀ" ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਤੇ ਇਸ ਦੀ ਤਿਆਰੀ ਦੌਰਾਨ ਗ੍ਰਹਿਣ ਕੀਤੇ ਅਨੁਭਵ ਹਾਜ਼ਰੀਨ ਨਾਲ ਸਾਂਝੇ ਕੀਤੇ। ਮੈਗ਼ਜ਼ੀਨ ਦੀ ਵਿਦਿਆਰਥੀ ਸੰਪਾਦਕ ਦੀਪ ਪ੍ਰਿਆ ਨੇ ਵੀ ਮੈਗ਼ਜ਼ੀਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।



ਮੋਦੀ ਕਾਲਜ ਦਾ ਮੈਗਜ਼ੀਨ ਰੀਲੀਜ਼ ਕਰਦੇ ਹੋਏ ਸਾਹਿਤਕਾਰ ਦਲੀਪ ਕੌਰ ਟਿਵਾਣਾ ਨਾਲ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ।

# विद्यार्थी अपने विरसे के साथ जुड़े रहें : टिवाना



कालेज मैगजीन का प्रकाशन करते कालेज स्टाफ व अन्य।

## मोदी कालेज की सालाना मैगजीन 'लूमिनरी' रिलीज


पटियाला, 23 दिसंबर (बलविन्द्र): आज मुल्तानी मल मोदी कालेज की तरफ से कालेज की सालाना मैगजीन 'लूमिनरी' रिलीज की गई। इस समारोह की अध्यक्षता प्रसिद्ध साहित्यकार दलीप कौर टीवाना ने की। इस मौके उन्होंने अपने साहित्यिक सफर का वर्णन करते बताया कि उन का सफर जो अपने विद्यार्थी जीवन समय से, कालेज मैगजीन में एक छोटी कहानी लिख कर शुरू हुआ था, कैसे कथा कहो उर्वशी तक पहुंचा। उन्होंने विद्यार्थियों को ताकिद की कि वे अपने विरसे के साथ जुड़े रहें और लोक कथाओं में छिपी बुद्धिमत्ता को ढूंढने की कोशिश जारी रखें। उन्होंने कालेज मैगजीन की भरपूर प्रशंसा की और विद्यार्थियों को पढ़ने-लिखने के लिए प्रेरित किया। प्रिंसीपल डा. खुशविन्दर कुमार ने मुख्य मेहमान का स्वागत किया और कहा कि दलीप कौर टिवाना जैसे साहित्यकार को सम्मानित करते, खुद सम्मान भी सम्मनित महसूस करते हैं। उन्होंने कहा कि कालेज मैगजीन विद्यार्थियों की सृजनात्मक प्रतिभा के दिखाने के लिए योग्य मंच है। मुख्य संपादक, प्रो. बलजिन्दर कौर ने मैगजीन की तैयारी दौरान ग्रहण किए सुखदायक अनुभवों का जिक्र किया। डा. गुरदीप सिंह ने मुख्य मेहमान की जान -पहचान करवाई और बताया कि आने वाली पीढ़ी यह फख्र के साथ याद करेगी कि मैडम टिवाना जैसे प्रसिद्ध साहित्यकार भी कभी इस कालेज में आए थे। प्रिंसीपल डा. खुशविन्दर ने मुख्य -मेहमान का स्वागत करते कहा कि कालेज मैगजीन कालेज का इतिहास होता है। कालेज की समूचे सरगर्मियां और प्रासियों को खूबसूरत ढंग से मैगजीन में संभाला जाता है। कालेज के वाइस प्रिंसीपल प्रो. निर्मल सिंह ने मुख्य मेहमान, संपादकीय मंडल अध्यापकों, विद्यार्थियों और पत्रकारों का धन्यवाद करते कहा कि हर वर्ष निरंतर रूप में मैगजीन प्रकाशित करना बहुत कठिन कार्य है, परंतु अध्यापकों और विद्यार्थियों के सहयोग के साथ मोदी कालेज के प्रशासन ने यह सार्थक परंपरा जारी रखी है।

शनिवार, 24 दिसम्बर 2016 | दैनिक सवेरा टाइम्स

ਪੰਜਾਬੀ ਟ੍ਰਿਬਿਊਨ, ਸ਼ਨਿਚਰਵਾਰ, 24 ਦਸੰਬਰ 2016

# ਮੋਦੀ ਕਾਲਜ ਦਾ ਮੈਗਜ਼ੀਨ ਦਲੀਪ ਕੌਰ ਟਿਵਾਣਾ ਵੱਲੋਂ ਰਿਲੀਜ਼

## ਵਿਦਿਆਰਥੀਆਂ ਨੂੰ ਜ਼ਿਆਦਾ ਪੜ੍ਹਨ ਲਈ ਪ੍ਰੇਰਿਆ; ਧੀਰ ਨੇ ਦੱਸੀ ਆਪਣੇ ਸੰਘਰਸ਼ ਦੀ ਕਹਾਣੀ



ਮੈਗਜ਼ੀਨ ਰਿਲੀਜ਼ ਕਰਦੇ ਹੋਏ ਦਲੀਪ ਕੌਰ ਟਿਵਾਣਾ ਤੇ ਹੋਰ ਸਖ਼ਸ਼ੀਅਤਾਂ। -ਫੋਟੋ: ਭਿੰਡਰ

**ਨਿੱਜੀ ਪੱਤਰ ਪ੍ਰੇਰਕ**
**ਪਟਿਆਲਾ, 23 ਦਸੰਬਰ**

ਇਥੇ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਕਾਲਜ ਦਾ ਸਾਲਾਨਾ ਮੈਗਜ਼ੀਨ 'ਦਿ ਲੂਮਿਨਰੀ' ਰਿਲੀਜ਼ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸਾਹਿਤਕਾਰ ਦਲੀਪ ਕੌਰ ਟਿਵਾਣਾ ਨੇ ਕੀਤੀ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਹਿਤਕ ਸਫ਼ਰ ਦਾ ਵਰਨਣ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਸਫ਼ਰ ਜੋ ਆਪਣੇ ਵਿਦਿਆਰਥੀ ਜੀਵਨ ਸਮੇਂ ਤੋਂ, ਕਾਲਜ ਮੈਗਜ਼ੀਨ ਵਿਚ ਇੱਕ ਛੋਟੀ ਕਹਾਣੀ ਲਿਖ ਕੇ ਸ਼ੁਰੂ ਹੋਇਆ ਸੀ, ਕਿਵੇਂ 'ਕਥਾ ਕਹੋ ਉਰਵਸ਼ੀ' ਤੱਕ ਪੁੱਜਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਲੋਕ ਕਥਾਵਾਂ ਵਿਚ ਲੁਕੀ ਹੋਈ ਸਿਆਣਪ ਨੂੰ ਲੱਭਣ ਦੀ ਕੋਸ਼ਿਸ਼ ਨੂੰ ਜਾਰੀ ਰੱਖਣ। ਉਨ੍ਹਾਂ ਨੇ ਕਾਲਜ ਮੈਗਜ਼ੀਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਹੋਰ ਪੜ੍ਹਨ ਲਿਖਣ ਲਈ ਪ੍ਰੇਰਿਤ ਕੀਤਾ।

ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਦਲੀਪ ਕੌਰ ਟਿਵਾਣਾ ਵਰਗੇ ਸਾਹਿਤਕਾਰ ਨੂੰ ਸਨਮਾਨਿਤ ਕਰਦਿਆਂ, ਖੁਦ ਸਨਮਾਨ ਵੀ ਸਨਮਾਨਤ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਲਜ ਮੈਗਜ਼ੀਨ ਵਿਦਿਆਰਥੀਆਂ ਦੀ ਸਿਰਜਣਾਤਮਿਕ ਪ੍ਰਤਿਭਾ ਦੇ ਪ੍ਰਗਟਾਵੇ ਲਈ ਯੋਗ ਮੰਚ ਹੈ। ਮੁੱਖ ਸੰਪਾਦਕ ਬਲਜਿੰਦਰ ਕੌਰ ਨੇ ਮੈਗਜ਼ੀਨ ਦੀ ਤਿਆਰੀ ਦੌਰਾਨ ਗ੍ਰਹਿਣ ਕੀਤੇ ਸੁਖਾਵੇਂ ਅਨੁਭਵਾਂ ਦਾ ਜ਼ਿਕਰ ਕੀਤਾ। ਡਾ. ਗੁਰਦੀਪ ਸਿੰਘ ਨੇ ਮੁੱਖ ਮਹਿਮਾਨ ਦੀ ਜਾਣ-ਪਹਿਚਾਣ ਕਰਵਾਈ ਅਤੇ ਦੱਸਿਆ ਕਿ ਆਉਣ ਵਾਲੀਆਂ ਪੀੜ੍ਹੀਆਂ ਇਹ ਫ਼ਖ਼ਰ ਨਾਲ ਯਾਦ ਕਰਨਗੀਆਂ ਕਿ ਦਲੀਪ ਕੌਰ ਟਿਵਾਣਾ ਵਰਗੇ ਪ੍ਰਸਿੱਧ ਸਾਹਿਤਕਾਰ ਵੀ ਕਦੇ ਇਸ ਕਾਲਜ ਵਿਚ ਆਏ ਸਨ।

ਵਾਈਸ ਪ੍ਰਿੰਸੀਪਲ ਨਿਰਮਲ ਸਿੰਘ ਨੇ ਮੁੱਖ ਮਹਿਮਾਨ, ਸੰਪਾਦਕੀ ਬੋਰਡ, ਸਟਾਫ਼, ਮੀਡੀਆ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸ਼ਲੈਂਦਰਾ ਸਿੱਧੂ ਨੇ ਮੰਚ ਸੰਚਾਲਨ ਕੀਤਾ। ਇਸ ਮੈਗਜ਼ੀਨ 'ਦਿ ਲੂਮਿਨਰੀ' ਨੂੰ ਰਿਲੀਜ਼ ਕਰਦਿਆਂ ਪੰਜਾਬੀ ਫ਼ਿਲਮਾਂ ਦੀ ਪ੍ਰਸਿੱਧ ਅਭਿਨੇਤਰੀ ਤੇ ਪੰਜਾਬੀ ਯੂਨੀਵਰਸਿਟੀ ਦੇ ਥੀਏਟਰ ਤੇ ਟੈਲੀਵੀਜ਼ਨ ਵਿਭਾਗ ਦੀ ਪ੍ਰੋਫੈਸਰ ਡਾ. ਸੁਨੀਤਾ ਧੀਰ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਦੇ ਮੈਗਜ਼ੀਨ ਨੌਜਵਾਨਾਂ ਅੰਦਰਲੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਫਿਲਮੀ ਕਲਾਕਾਰ ਵਜੋਂ ਸਥਾਪਤ ਹੋਣ ਦੇ ਰਾਹ ਵਿਚ ਕੀਤੇ ਸੰਘਰਸ਼ ਦੇ ਪਲਾਂ ਨੂੰ ਵੀ ਵਿਦਿਆਰਥੀਆਂ ਨਾਲ ਸਾਂਝਾ ਕੀਤਾ।

ਕਾਲਜ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਵਿਦਿਆਰਥੀਆਂ ਵੱਲੋਂ 'ਬੇਟੀ ਬਚਾਓ-ਬੇਟੀ ਪੜ੍ਹਾਓ' ਥੀਮ ਅਧਾਰਿਤ ਇਕ ਖ਼ੂਬਸੂਰਤ ਪੁਸ਼ਾਕ ਪ੍ਰਦਰਸ਼ਨੀ-'ਕ੍ਰੀਏਸ਼ਨ-2016' ਕਰਵਾਇਆ ਗਿਆ। ਡਾ. ਧੀਰ ਨੇ ਵੱਖ-ਵੱਖ ਮੁਕਾਬਲਿਆਂ ਵਿਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਵੀ ਤਕਸੀਮ ਕੀਤੇ।

CHANDIGARH Tribune
CHANDIGARH | SATURDAY | 24 DECEMBER 2016

**Magazine released**

MM Modi College, Patiala, on Friday organised a function to release its annual college magazine 'The Luminary'. Dr Dalip Kaur Tiwana, a renowned Punjabi novelist and short-story writer, presided over the function. She spoke about her journey of literary life, right from the point of initiation, when she wrote her first short story, as a student, in the college magazine to the culmination in the form of 'Katha Kaho Urvashi'.

अमर उजाला

# मोदी कालेज की कालेज द लुमिनरी का विमोचन किया

पटियाला। मुल्तानी मल मोदी कालेज द्वारा कालेज की सालाना मैगजीन द लुमिनरी रिलीज की गई। इस मौके पर समारोह की अध्यक्षता जानी-मानी साहित्यकार दलीप कौर टिवाना ने की। टिवाना ने बताया कि उन्होंने साहित्यिक सफर अपने ही कालेज की मैगजीन में एक लघु कहानी से शुरू किया था। उन्होंने स्टूडेंट्स को सलाह भी दी कि वह अपने विरसे के साथ जुड़े रहें और लोक कथाओं में छिपी समझदारी को तलाशने की कोशिश करें। उन्होंने कालेज मैगजीन की सराहना की और स्टूडेंट्स को और पढ़ने और लिखने के लिए प्रेरित किया। उन्होंने कहा कि ज्यादा से ज्यादा स्टूडेंट्स कालेज मैगजीन के लिए लिखें।

प्रिंसिपल डा. खुशविंदर कुमार ने कहा कि कॉलेज मैगजीन स्टूडेंट्स की सृजनात्मक प्रतिभा की अभिव्यक्ति के लिए योग्य मंच है। मुख्य संपादक प्रोफेसर बलजिंदर कौर ने मैगजीन की तैयारी के दौरान हासिल अनुभवों का जिक्र किया।

/पटियाला, 24 दिसंबर 2016 दैनिक जागरण

# विरासत से जुड़े रहें युवा : टिवाना

- मोदी कॉलेज की वार्षिक पत्रिका 'द लुमिनरी' का विमोचन
- समागम में पंजाबी फिल्म अभिनेत्री सुनीता धीर थीं विशिष्ट मेहमान

जासं, पटियाला : युवा वर्ग को अपनी विरासत से हमेशा जुड़े रहना चाहिए। साथ ही, लोक कथाओं में छिपी भावनाओं को हमेशा ढूंढने की कोशिश जारी रखनी चाहिए। मैंने भी अपने साहित्यिक जीवन की शुरुआत कॉलेज पत्रिका में एक लघु कहानी कथा 'कहो उर्वशी' लिख कर की थी। यह बात सरस्वती अवार्डी डॉ. दिलीप कौर टिवाना ने मुलतानी मल मोदी कॉलेज में आयोजित कार्यक्रम में कही। वे कॉलेज की वार्षिक पत्रिका 'द लुमिनरी' के विमोचन समागम में मौजूद थीं।

कॉलेज प्रिंसिपल डॉ. खुशविंदर कुमार की अगुआई में आयोजित समागम में पंजाबी फिल्म अभिनेत्री डॉ. सुनीता धीर ने विशिष्ट मेहमान के तौर पर शिरकत की।

इस दौरान प्रिंसिपल डॉ. कुमार ने कहा कि कॉलेज की एक पत्रिका का विमोचन डॉ. टिवाना जैसी शख्सियत के हाथों होना गर्व की बात है। कॉलेज पत्रिका विद्यार्थियों की सृजनात्मक प्रतिभा को उभारने में अहम रोल अदा करती है। फिल्म अभिनेत्री डॉ. धीर ने अपने संघर्ष के समय को विद्यार्थियों संग साझा किया। उन्होंने कहा कि ऊंचा मुकाम हासिल करने में योग्य अध्यापकों का मुख्य रोल होता है। वहीं, दूसरी तरफ फैशन डिजायनिंग विभाग की ओर से 'बेटी बचाओ, बेटी पढ़ाओ' थीम पर आधारित परिधान प्रदर्शन क्रिएशन-2016 का भी आयोजन किया गया।



मुलतानी मल मोदी कॉलेज में वार्षिक पत्रिका 'द लुमिनरी' का विमोचन करतीं डॉ. दिलीप कौर टिवाना व अन्य। जागरण

प्रो. वीनू जैन की अगुआई में विद्यार्थियों की ओर से तैयार परिधान को पेश किया गया था। समागम में मुख्य संपादक प्रो. बलजिंदर कौर, डॉ. गुरदीप सिंह, वाइस प्रिंसिपल प्रो. निर्मल सिंह, प्रो. शैलिंदर सिद्धू व डॉ. जबरजंग सिंह मौजूद रहे।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਸ਼ਨੀਵਾਰ, 24 ਦਸੰਬਰ 2016)

# ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ ਨੇ ਮੋਦੀ ਕਾਲਜ ਦਾ ਮੈਗਜ਼ੀਨ ਰਿਲੀਜ਼ ਕੀਤਾ



ਪਟਿਆਲਾ, 23 ਦਸੰਬਰ (ਰੁਪਾਣਾ): ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵੱਲੋਂ ਕਾਲਜ ਦਾ ਸਾਲਾਨਾ ਮੈਗਜ਼ੀਨ 'ਦਿ ਲੂਮਿਨਰੀ' ਰਿਲੀਜ਼ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ ਨੇ ਕੀਤੀ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਹਿਤਕ ਸਫ਼ਰ ਦਾ ਵਰਨਣ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਸਫ਼ਰ ਜੋ ਆਪਣੇ ਵਿਦਿਆਰਥੀ ਜੀਵਨ ਸਮੇਂ ਤੋਂ, ਕਾਲਜ ਮੈਗਜ਼ੀਨ ਵਿਚ ਇੱਕ ਛੋਟੀ ਕਹਾਣੀ ਲਿਖ ਕੇ ਸ਼ੁਰੂ ਹੋਇਆ ਸੀ, ਕਿਵੇਂ 'ਕਥਾ ਕਹੋ ਉਰਵਸ਼ੀ' ਤੱਕ ਪੁੱਜਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਲੋਕ ਕਥਾਵਾਂ ਵਿਚ ਲੁਕੀ ਹੋਈ ਸਿਆਣਪ ਨੂੰ ਲੱਭਣ ਦੀ ਕੋਸ਼ਿਸ਼ ਨੂੰ ਜਾਰੀ ਰੱਖਣ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਦਲੀਪ ਕੌਰ ਟਿਵਾਣਾ ਜੀ ਵਰਗੇ ਸਾਹਿਤਕਾਰ ਨੂੰ ਸਨਮਾਨਿਤ ਕਰਦਿਆਂ, ਖੁਦ ਨੂੰ ਵੀ ਸਨਮਾਨਿਤ ਮਹਿਸੂਸ ਕਰਦੇ ਹਨ। ਮੁੱਖ ਸੰਪਾਦਕ, ਪ੍ਰੋ. ਮਿਸਿਜ਼ ਬਲਜਿੰਦਰ ਕੌਰ ਨੇ ਮੈਗਜ਼ੀਨ ਦੀ ਤਿਆਰੀ ਦੌਰਾਨ ਗ੍ਰਹਿਣ ਕੀਤੇ ਸੁਖਾਵੇਂ ਅਨੁਭਵਾਂ ਦਾ ਜ਼ਿਕਰ ਕੀਤਾ। ਡਾ. ਗੁਰਦੀਪ ਸਿੰਘ ਨੇ ਮੁੱਖ ਮਹਿਮਾਨ ਦੀ ਜਾਣ-ਪਹਿਚਾਣ ਕਰਵਾਈ ਅਤੇ ਦੱਸਿਆ ਕਿ ਆਉਣ ਵਾਲੀਆਂ ਪੀੜ੍ਹੀਆਂ ਇਹ ਫ਼ਖ਼ਰ ਨਾਲ ਯਾਦ ਕਰਨਗੀਆਂ ਕਿ ਮੈਡਮ ਟਿਵਾਣਾ ਵਰਗੇ ਪ੍ਰਸਿੱਧ ਸਾਹਿਤਕਾਰ ਵੀ ਕਦੇ ਇਸ ਕਾਲਜ ਵਿਚ ਆਏ ਸਨ। ਵਾਈਸ ਪ੍ਰਿੰਸੀਪਲ ਪ੍ਰੋ. ਨਿਰਮਲ ਸਿੰਘ ਨੇ ਮੁੱਖ ਮਹਿਮਾਨ, ਸੰਪਾਦਕੀ ਬੋਰਡ, ਸਟਾਫ਼, ਮੀਡੀਆ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਜਬਰਜੰਗ ਸਿੰਘ ਦੀ ਰਹਿਨੁਮਾਈ ਵਿਚ ਕੀਤੇ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਨਾਲ ਸਮਾਗਮ ਦਾ ਆਗਾਜ਼ ਹੋਇਆ।